ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਵੈਨਕੂਵਰ ਇਕਾਈ, ਕਨੇਡਾ

ਕੁਲਦੀਪ ਸਿੰਘ +1 604 339 7117

ਹਵਾਲਾ ਨੰ:.........................

ਮਿਤੀ :.............................

ਸੇਵਾ ਵਿਖੇ

ਮੁੱਖ ਮੰਤਰੀ ਸਾਹਿਬ
ਪੰਜਾਬ, cmo@punjab.gov.in
ਚੰਡੀਗੜ੍ਹ।

**ਬੇਨਤੀ**: ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਤੇ ਨਾਨਕਬਾਣੀ (ਪੰਜਾਬੀ) ਦੇ ਸਰਕਾਰੋਂ ਖੁੱਸੇ ਸਤਿਕਾਰ ਨੂੰ ਮੁੜ ਬਹਾਲ ਕਰਨ ਲਈ **ਬੇਨਤੀ**।

ਸਤਿਕਾਰਯੋਗ ਮੁੱਖ ਮੰਤਰੀ ਸਾਹਿਬ।

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਸਾਹਿਬ ਦੇ ਸਿਧਾਂਤਾਂ (ਸਿੱਖਿਆਵਾਂ) ਨੂੰ ਗੰਭੀਰਤਾ ਨਾਲ ਪ੍ਰਚਾਰਿਆ ਜਾ ਰਿਹਾ ਹੈ। ਇਨ੍ਹਾਂ ਵੱਡੇ ਕਾਰਜਾਂ ਲਈ ਪੰਜਾਬ ਸਰਕਾਰ ਨੂੰ ਵਧਾਈ ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਗੁਰੂ ਸਾਹਿਬ ਦਾ ਇੱਕ ਪਵਿੱਤਰ ਵਾਕ, 'ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ', ਜਿਸ ਰਾਹੀਂ ਗੁਰੂ ਸਾਹਿਬ ਨੇ ਉਸ ਸਮੇਂ ਦੀ ਲੋਕਾਈ ਨੂੰ ਆਪਣੀ ਮਾਂ ਬੋਲੀ ਨੂੰ ਵਿਸਾਰ ਦੇਣ ਤੇ ਨਿਹੋਰਾ ਮਾਰਿਆ ਸੀ ਅਤੇ ਆਪਣੀ ਮਾਂ-ਬੋਲੀ (ਪੰਜਾਬੀ) ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਸੀ, ਆਪ ਜੀ ਦੇ ਧਿਆਨ ਵਿਚ ਲਿਆ ਕੇ, ਹੇਠ ਲਿਖੀ ਬੇਨਤੀ ਕਰਦਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਨਾਨਕਬਾਣੀ ਸਰਕਾਰ, ਵਪਾਰ, ਪਰਿਵਾਰ ਅਤੇ ਸੱਭਿਆਚਾਰ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ। ਪੰਜਾਬੀ ਦੀ ਥਾਂ ਹਿੰਦੀ ਅਤੇ ਅੰਗਰੇਜ਼ੀ ਧੜੱਲੇ ਨਾਲ ਲੈ ਰਹੀਆਂ ਹਨ।

ਭਾਈਚਾਰਾ ਸਮਝਦਾ ਹੈ ਕਿ ਪੰਜਾਬੀ ਨੂੰ ਲੱਗ ਰਹੇ ਇਸ ਖੋਰੇ ਦਾ ਵੱਡਾ ਕਾਰਨ, (ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਵਾਲੇ, 52 ਸਾਲ ਪਹਿਲਾਂ ਬਣੇ ਪੰਜਾਬ ਰਾਜ ਭਾਸ਼ਾ ਐਕਟ 1967 ਦੇ ਬਾਵਜੂਦ), ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਪੰਜਾਬੀ ਦੇ ਵਿਕਾਸ ਲਈ ਆਪਣੀ ਜ਼ਿੰਮੇਵਾਰੀ ਨਾ ਨਿਭਾਉਣਾ, ਉਲਟਾ ਬੇਰੁਖ਼ੀ ਅਪਣਾਉਣਾ ਹੈ। ਇਸ **ਬੇਰੁਖੀ ਦੀਆਂ ਕੁਝ ਉਦਾਹਰਣਾ ਇਹ ਹਨ:**

**ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਦੀ ਅਣਦੇਖੀ ਅਤੇ ਇਸਦੇ ਮਾਰੂ ਪ੍ਰਭਾਵ**

(1). ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ ਅਤੇ ਅਦਾਰਿਆਂ ਵਿਚ ਹੁੰਦਾ 'ਸਾਰਾ ਦਫ਼ਤਰੀ ਕੰਮ-ਕਾਜ' ਪੰਜਾਬੀ ਵਿਚ ਕਰਨਾ ਜ਼ਰੂਰੀ ਹੈ। ਹੋ ਇਸ ਦੇ ਉਲਟ ਰਿਹਾ ਹੈ। ਬਹੁਤਾ ਕੰਮ-ਕਾਜ ਕੇਵਲ ਅੰਗਰੇਜ਼ੀ ਵਿਚ ਹੁੰਦਾ ਹੈ। ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ, ਜਨਤਾ ਨੂੰ ਆਪਣੇ-ਆਪਣੇ ਵਿਭਾਗ ਦੇ ਕੰਮ-ਕਾਜ ਦੀ ਸੂਚਨਾ ਦੇਣ ਲਈ ਜੋ ਵੈਬਸਾਈਟਾਂ

ਬਣਾਈਆਂ ਗਈਆਂ ਹਨ ਉਨ੍ਹਾਂ ਵਿਚੋਂ ਬਹੁਤੀਆਂ ਕੇਵਲ ਅੰਗਰੇਜ਼ੀ ਵਿਚ ਹਨ। ਮਜਬੂਰੀ ਵੱਸ ਜੇ ਕਿਸੇ ਵੈਬਸਾਈਟ ਤੇ ਪੰਜਾਬੀ ਵਰਤੀ ਗਈ ਹੈ ਤਾਂ ਉਹ ਅਸ਼ੁੱਧ ਹੈ।

(2). ਪੰਜਾਬ ਵਿਧਾਨ ਸਭਾ ਵਿਚ ਬਣਦੇ 90 ਫ਼ੀਸਦੀ ਤੋਂ ਵੱਧ ਕਾਨੂੰਨ, ਕੇਵਲ ਅੰਗਰੇਜ਼ੀ ਵਿਚ ਹੁੰਦੇ ਹਨ। ਇਨ੍ਹਾਂ ਕਾਨੂੰਨਾਂ ਦੇ ਪੰਜਾਬੀ ਵਿਚ ਅਨੁਵਾਦ ਤੱਕ ਉਪਲਬਧ ਨਹੀਂ ਕਰਵਾਏ ਜਾਂਦੇ। ਇਸੇ ਤਰ੍ਹਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਅਧਿਸੂਚਨਾਵਾਂ, 95 ਫ਼ੀਸਦੀ ਦੇ ਲਗਭਗ ਕੇਵਲ ਅੰਗਰੇਜ਼ੀ ਵਿਚ ਹੁੰਦੀਆਂ ਹਨ।

(3). ਕਾਨੂੰਨ ਬਣੇ ਨੂੰ 10 ਸਾਲ ਹੋ ਗਏ ਹਨ ਪਰ ਹਾਲੇ ਤੱਕ ਪੰਜਾਬ ਦੇ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪ੍ਰਾਪਤ ਨਹੀਂ ਹੋਣ ਲਗਿਆ।

ਇੰਝ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਦੇ ਲਾਗੂ ਨਾ ਹੋਣ ਕਾਰਨ, **ਪੰਜਾਬ ਸਰਕਾਰ ਦੇ ਤਿੰਨੋਂ ਅੰਗਾਂ (ਕਾਰਜਕਾਰਨੀ, ਵਿਧਾਨ ਸਭਾ ਅਤੇ ਨਿਆਂ ਪਾਲਿਕਾ) ਵਿਚੋਂ ਪੰਜਾਬੀ ਅਲੋਪ ਹੋ ਰਹੀ ਹੈ।**

**'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਦੀਆਂ ਵਿਵਸਥਾਵਾਂ ਦੀ ਅਣਦੇਖੀ ਅਤੇ ਇਸਦੇ ਮਾਰੂ ਪ੍ਰਭਾਵ**

'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਰਾਹੀਂ, ਪੰਜਾਬ ਵਿਚ ਸਥਿਤ ਸਾਰੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਏ ਜਾਣ ਦੀ ਵਿਵਸਥਾ ਕੀਤੀ ਗਈ ਸੀ। ਇਸ ਕਾਨੂੰਨ ਦੇ ਅਸਰਦਾਰ ਢੰਗ ਨਾਲ ਲਾਗੂ ਨਾ ਕੀਤੇ ਜਾਣ ਕਾਰਨ, ਬਹੁਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਹੀ ਨਹੀਂ ਜਾਂਦੀ। ਲਗਭਗ ਹਰ ਪ੍ਰਾਈਵੇਟ ਸਕੂਲ ਵਿਚ, ਪੰਜਾਬੀ ਵਿਚ ਗੱਲਬਾਤ ਕਰਨ ਤੇ ਬੱਚਿਆਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ। ਜਿੱਥੇ ਮਾੜੀ-ਮੋਟੀ ਪੰਜਾਬੀ ਪੜ੍ਹਾਈ ਜਾਂਦੀ ਹੈ ਉੱਥੇ (ਪੰਜਾਬੀ ਭਾਸ਼ਾ ਲਈ ਉੱਚ ਪੱਧਰ ਦੇ ਸਿਲੇਬਸ ਦੇ ਨਿਰਧਾਰਤ ਨਾ ਹੋਣ ਕਾਰਨ) ਪੜ੍ਹਾਈ ਜਾਂਦੀ ਪੰਜਾਬੀ ਦਾ ਪੱਧਰ ਬਹੁਤ ਨੀਵਾਂ ਹੈ।

**ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੇ ਹੋ ਰਹੇ ਇਸ ਨਿਰਾਦਰ ਕਾਰਨ ਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਅਤੇ ਪਰਿਵਾਰਾਂ ਦਾ ਪੰਜਾਬੀ ਨਾਲੋਂ ਮੋਹ ਭੰਗ ਹੋ ਰਿਹਾ ਹੈ ਅਤੇ ਉਨ੍ਹਾਂ ਦਾ ਝੁਕਾਅ ਹਿੰਦੀ ਅਤੇ ਅੰਗਰੇਜ਼ੀ ਵੱਲ ਹੋ ਰਿਹਾ ਹੈ।**

**ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਚਿੰਤਾ**

ਪੰਜਾਬੀ ਦੇ ਪੰਜਾਬ ਵਿਚ ਤੇਜ਼ੀ ਨਾਲ ਹੋ ਰਹੇ ਇਸ ਉਜਾੜੇ ਤੋਂ ਚਿੰਤਤ, ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਪਿਛਲੇ ਇੱਕ ਸਾਲ ਤੋਂ, ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਚਿੱਠੀ-ਪੱਤਰ ਕਰਕੇ, ਵਿਭਾਗਾਂ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ' ਦੀਆਂ ਵਿਵਸਥਾਵਾਂ ਦੀ ਵੱਡੇ ਪੱਧਰ ਤੇ ਕੀਤੀ ਜਾ ਰਹੀ ਅਣਦੇਖੀ, ਉਨ੍ਹਾਂ ਦੇ ਧਿਆਨ ਵਿਚ ਲਿਆ ਰਿਹਾ ਹੈ। **ਇਹ ਅਣਦੇਖੀਆਂ ਲਗਾਤਾਰ ਆਪ ਜੀ ਦੇ ਧਿਆਨ ਵਿਚ ਵੀ ਲਿਆਂਦੀਆਂ ਜਾ ਰਹੀਆਂ ਹਨ।**

ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ 1967' ਅਤੇ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਦੀਆਂ ਧੜੱਲੇਦਾਰੀ ਨਾਲ ਕੀਤੀਆਂ ਜਾ ਰਹੀਆਂ ਉਲੰਘਣਾਵਾਂ ਬਾਰੇ, ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਜੋ ਚਿੱਠੀ ਪੱਤਰ, ਵਿਭਾਗਾਂ ਦੇ ਮੁੱਖੀਆਂ ਅਤੇ ਆਪ ਨਾਲ ਕੀਤਾ ਗਿਆ, ਉਹ ਚਿੱਠੀ ਪੱਤਰ ਅਤੇ ਚਿੱਠੀਆਂ ਵਿਚ ਉਠਾਈਆਂ ਗਈਆਂ ਸਮੱਸਿਆਵਾਂ ਦਾ ਵੇਰਵਾ, ਹਵਾਲੇ ਲਈ ਨੱਥੀ ਕੀਤਾ ਜਾ ਰਿਹਾ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬ ਸਰਕਾਰ ਦਾ ਇਸ ਗੱਲੋਂ ਧੰਨਵਾਦੀ ਵੀ ਹੈ ਕਿ ਭਾਈਚਾਰੇ ਦੀਆਂ ਕੁਝ ਬੇਨਤੀਆਂ ਨੂੰ ਪ੍ਰਵਾਨ ਕਰਕੇ, ਸਰਕਾਰ ਵੱਲੋਂ ਪੰਜਾਬੀ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤੀਆਂ

ਗਈਆਂ ਕੁਝ ਨਵੀਆਂ ਹਦਾਇਤਾਂ ਤੇ, ਕੁਝ ਵਿਭਾਗ ਫੁੱਲ ਚੜ੍ਹਾ ਰਹੇ ਹਨ ਅਤੇ ਪੰਜਾਬੀ ਨੂੰ ਬਣਦਾ ਸਤਿਕਾਰ ਦੇਣ ਦੇ ਯਤਨ ਕਰ ਰਹੇ ਹਨ । ਖ਼ਾਸ ਕਰ ਸਿੱਖਿਆ ਵਿਭਾਗ, ਜਿਸ ਵਲੋਂ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਨੂੰ ਯਕੀਨੀ ਬਨਾਉਣ ਲਈ ਸਖ਼ਤ ਕਦਮ ਪੁੱਟੇ ਜਾ ਰਹੇ ਹਨ।

**ਭਾਈਚਾਰੇ ਦੀ ਬੇਨਤੀ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਇਸ ਪ੍ਰਕਾਸ਼ ਵਰ੍ਹੇ ਵਿਚ, ਉਨ੍ਹਾਂ ਦੇ ਪੈਰੋਕਾਰਾਂ (ਪੰਜਾਬੀਆਂ) ਦੇ ਕੰਨਾਂ ਵਿਚ, ਗੁਰੂ ਸਾਹਿਬ ਵੱਲੋਂ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਨੂੰ ਅਣਡਿੱਠਾ ਕਰਨ ਬਾਰੇ ਦਿੱਤਾ ਉਲਾਂਭਾ, ਉੱਚੀ ਸੁਰ ਵਿਚ ਗੂੰਜਣ ਲੱਗ ਪਿਆ ਹੈ। ਹੁਣ ਦੁਨੀਆ ਭਰ ਵਿਚ ਬੈਠਾ ਹਰ ਪੰਜਾਬੀ ਆਪਣੀ ਮਾਂ ਬੋਲੀ ਦੇ ਵਿਕਾਸ ਅਤੇ ਪਸਾਰ ਲਈ ਤੱਤਪਰ ਹੋਇਆ ਹੋਇਆ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਆਪ ਜੀ ਨੂੰ, ਪੰਜਾਬੀਆਂ ਦੇ ਚੁਣੇ ਹੋਏ ਪ੍ਰਤੀਨਿਧ ਹੋਣ ਦੇ ਨਾਤੇ, ਬੇਨਤੀ ਹੈ ਕਿ ਗੁਰੂ ਸਾਹਿਬ ਦੇ ਇਸ ਫ਼ਰਮਾਨ (ਨਿਹੋਰੇ) ਵਲ ਧਿਆਨ ਦਿੰਦੇ ਹੋਏ, ਮਾਂ ਬੋਲੀ ਦੀ ਮਹੱਤਤਾ ਨੂੰ ਸਮਝਦੇ ਹੋਏ, 52 ਸਾਲ ਪਹਿਲਾਂ, ਪੰਜਾਬ ਸਰਕਾਰ ਨੇ ਨਾਨਕਬਾਣੀ (ਪੰਜਾਬੀ) ਨੂੰ 'ਰਾਜ ਮਾਤਾ' ਦਾ ਦਰਜਾ ਦੇ ਕੇ ਜੋ ਸਤਿਕਾਰ ਦਿੱਤਾ ਸੀ ਉਹ ਸਤਿਕਾਰ ਮੁੜ ਬਹਾਲ ਕੀਤਾ ਜਾਵੇ।

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

ਪ੍ਰਾਰਥੀ

| | | |
|---|---|---|
| (ਮੋਤਾ ਸਿੰਘ ਝੀਤਾ)<br>ਕਨੇਡਾ | (ਕ੍ਰਿਪਾਲ ਸਿੰਘ ਗਰਚਾ)<br>ਕਨੇਡਾ | (ਕੁਲਦੀਪ ਸਿੰਘ)<br>ਕਨੇਡਾ |
| (ਸਤਨਾਮ ਸਿੰਘ ਜੌਹਲ)<br>ਕਨੇਡਾ | (ਦਵਿੰਦਰ ਸਿੰਘ ਘਟੌੜਾ)<br>ਕਨੇਡਾ | ਮਿੱਤਰ ਸੈਨ ਮੀਤ<br>(ਮਿੱਤਰ ਸੈਨ ਮੀਤ)<br>ਪੰਜਾਬ |

## ਪੱਤਰ ਵਿਹਾਰ ਦੀ ਸੂਚੀ

(ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਪੰਜਾਬ ਸਰਕਾਰ, ਇਸ ਦੇ ਵਿਭਾਗਾਂ ਅਤੇ ਅਦਾਰਿਆਂ ਦੇ ਮੁੱਖੀਆਂ ਨੂੰ ਸਰਕਾਰੀ ਕੰਮ-ਕਾਜ ਵਿਚ ਪੰਜਾਬੀ ਦੀ ਵਰਤੋਂ ਅਤੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਦੀ ਪੜ੍ਹਾਈ ਯਕੀਨੀ ਬਣਾਉਣ ਲਈ ਕੀਤੀਆਂ ਗਈਆਂ ਬੇਨਤੀਆਂ ਦਾ ਵੇਰਵਾ)

1. Chairman, Central Board of Secondary Education ਨੂੰ 'to implement the provisions of the Learning of Punjabi and Other Languages Act 2008 in letter and spirit' ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./20 ਮਿਤੀ 05.10.2018.

2. Chairman, Council for the Indian School Certificate Examination ਨੂੰ 'to implement the provisions of the Learning of Punjabi and Other Languages Act 2008 in letter and spirit' ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./21 ਮਿਤੀ 05.10.2018.

3. All Principals of Private Schools and Chairmen of Management Committees of Private Schools of Punjab ਨੂੰ 'to implement the provisions of the Learning of Punjabi and Other Languages Act 2008 in letter and spirit' ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./22 ਮਿਤੀ 17.10.2018.

4. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਨੂੰ ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਕੋਲੋਂ ਸਖ਼ਤੀ ਨਾਲ ਲਾਗੂ ਕਰਾਉਣ ਸਬੰਧੀ ਲਿਖਿਆ ਗਿਆ ਪੱਤਰ ਨੰ:ਪ.ਭ.ਪ.ਭ./23 ਮਿਤੀ: 18.10.2018.

5. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ ਨੂੰ ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ ਦੀਆਂ ਵਿਵਸਥਾਵਾਂ ਅਤੇ ਉਨ੍ਹਾਂ ਵੱਲੋਂ ਜਾਰੀ ਕੀਤੇ ਹੁਕਮ ਮਿਤੀ 26.03.2018 ਦੀ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਤੋਂ ਸਖ਼ਤੀ ਨਾਲ ਪਾਲਣਾ ਕਰਵਾ ਕੇ ਪੰਜਾਬ ਦੇ ਸਮੂਹ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ 10ਵੀਂ ਤੱਕ ਦੀ ਪੜ੍ਹਾਈ ਨੂੰ ਯਕੀਨੀ ਬਣਾਉਣ ਅਤੇ ਪ੍ਰਾਈਵੇਟ ਸਕੂਲਾਂ ਵੱਲੋਂ ਵਿਦਿਆਰਥੀਆਂ ਤੇ ਲਾਈ ਜਾਂਦੀ ਪਾਬੰਦੀ ਨੂੰ ਹਟਾਏ ਜਾਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./24 ਮਿਤੀ:20.10.2018.

6. ਮਾਣਯੋਗ ਮੁੱਖ ਮੰਤਰੀ, ਪੰਜਾਬ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਨੂੰ ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਕੋਲੋਂ ਸਖ਼ਤੀ ਨਾਲ ਲਾਗੂ ਕਰਾਉਣ ਸਬੰਧੀ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਲਿਖੇ ਪੱਤਰ ਨੰ:ਪ.ਭ.ਪ.ਭ./23 ਮਿਤੀ 18.10.2018 ਵੱਲ ਸਬੰਧਤ ਅਧਿਕਾਰੀਆਂ ਵੱਲੋਂ ਧਿਆਨ ਨਾ ਦੇਣ ਅਤੇ ਹੁਣ ਸਬੰਧਤ ਅਧਿਕਾਰੀਆਂ ਨੂੰ ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਅਤੇ ਹੁਕਮ ਮਿਤੀ 26.03.2018 ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਹੁਕਮ ਕਰਨ ਸਬੰਧੀ ਲਿਖਿਆ ਗਿਆ ਪੱਤਰ ਨੰ:ਪ.ਭ.ਪ.ਭ./30 ਮਿਤੀ: 12.11.2018.

7. ਮਾਣਯੋਗ ਮੁੱਖ ਮੰਤਰੀ, ਪੰਜਾਬ ਨੂੰ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਨੂੰ ਤੁਰੰਤ ਈ-ਮੇਲ ਪਤੇ ਉਪਲਬਧ ਕਰਵਾਉਣ ਸਬੰਧੀ ਲਿਖਿਆ ਗਿਆ ਪੱਤਰ ਨੰ:ਪ.ਭ.ਪ.ਭ./32 ਮਿਤੀ: 12.11.2018.

8. ਮਾਣਯੋਗ ਮੁੱਖ ਮੰਤਰੀ, ਪੰਜਾਬ ਨੂੰ ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008 ਦੀਆਂ ਵਿਵਸਥਾਵਾਂ ਅਤੇ ਡਾਇਰੈਕਟਰ ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਹੁਕਮ ਮਿਤੀ 26.03.2018 ਦੀ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਤੋਂ ਸਖ਼ਤੀ ਨਾਲ ਪਾਲਣਾ ਕਰਵਾ ਕੇ ਪੰਜਾਬ ਦੇ ਸਮੂਹ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ 10ਵੀਂ ਤੱਕ ਦੀ ਪੜ੍ਹਾਈ ਨੂੰ ਯਕੀਨੀ ਬਣਾਉਣ ਅਤੇ ਪ੍ਰਾਈਵੇਟ ਸਕੂਲਾਂ ਵੱਲੋਂ ਵਿਦਿਆਰਥੀਆਂ ਤੇ ਲਾਈ ਜਾਂਦੀ ਪਾਬੰਦੀ ਨੂੰ ਹਟਾਏ ਜਾਣ ਸਬੰਧੀ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਲਿਖੇ ਪੱਤਰ ਨੰ:ਪ.ਭ.ਪ.ਭ./24 ਮਿਤੀ 20.10.2018 ਨੂੰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.) ਨੂੰ ਲਿਖੇ ਪੱਤਰ ਵੱਲ ਸਬੰਧਤ ਅਧਿਕਾਰੀਆਂ ਵੱਲੋਂ ਧਿਆਨ ਨਾ ਦੇਣ ਅਤੇ ਹੁਣ

ਸਬੰਧਤ ਅਧਿਕਾਰੀਆਂ ਨੂੰ ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਅਤੇ ਹੁਕਮ ਮਿਤੀ 26.03.2018 ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਹੁਕਮ ਕਰਨ ਸਬੰਧੀ ਲਿਖਿਆ ਗਿਆ ਪੱਤਰ ਨੰ:ਪ.ਭ.ਪ.ਭ./31 ਮਿਤੀ: 12.11.2018.

9. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਦੀ ਪਾਲਣਾ ਹਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਕੀਤੇ ਜਾਂਦੇ ਦਫਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./65 ਮਿਤੀ:24 ਦਸੰਬਰ 2018.

10. ਉਪ ਕੁਲਪਤੀ ਸਾਹਿਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਰੇ ਦਫ਼ਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਅਤੇ ਯੂਨੀਵਰਸਿਟੀ ਦੀ ਵੈਬਸਾਈਟ ਉੱਪਰ ਉਪਲਬਧ ਕਰਵਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਵਾਉਣ ਸਬੰਧੀ ਲਿਖਿਆ ਗਿਆ ਪੱਤਰ ਨੰ:ਪ.ਭ.ਪ.ਭ./70 ਮਿਤੀ: 26.12.2018.

11. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਦੀ ਪਾਲਣਾ ਹਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਕੀਤੇ ਜਾਂਦੇ ਦਫਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./65 ਮਿਤੀ:24 ਦਸੰਬਰ 2018.

12. ਉਪ ਕੁਲਪਤੀ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਅਤੇ ਯੂਨੀਵਰਸਿਟੀ ਦੀ ਵੈਬਸਾਈਟ ਉੱਪਰ ਉਪਲਬਧ ਕਰਵਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਵਾਉਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./1 ਮਿਤੀ: 12.01.2019.

13. ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਦੀ ਪਾਲਣਾ ਹਿਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਕੀਤੇ ਜਾਂਦੇ ਸਾਰੇ ਦਫ਼ਤਰੀ ਕੰਮ-ਕ਼ਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਅਤੇ ਕਾਰਪੋਰੇਸ਼ਨ ਦੀ ਵੈਬਸਾਈਟ ਉੱਪਰ ਉਪਲਬਧ ਕਰਵਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਾਉਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./8 ਮਿਤੀ:28.01.2019.

14. ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਦੀ ਪਾਲਣਾ ਹਿਤ, ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਅਤੇ ਨਗਰ ਨਿਗਮਾਂ ਵੱਲੋਂ ਕੀਤੇ ਜਾਂਦੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਅਤੇ ਵਿਭਾਗ ਦੀ ਅਤੇ ਨਗਰ ਨਿਗਮਾਂ ਦੀਆਂ ਵੈਬਸਾਈਟਾਂ ਉੱਪਰ ਉਪਲਬਧ ਕਰਵਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਾਉਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./9 ਮਿਤੀ:28.01.2019.

15. ਮੁੱਖ ਕਾਰਜਕਾਰੀ ਅਧਿਕਾਰੀ, ਲੁਧਿਆਣਾ ਸਮਾਰਟ ਸਿਟੀ ਪ੍ਰੋਜੈਕਟ, ਨਗਰ ਨਿਗਮ, ਲੁਧਿਆਣਾ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਦੀ ਇੰਨ-ਬਿੰਨ ਪਾਲਣਾ ਹਿਤ ਲੁਧਿਆਣਾ ਸ਼ਹਿਰ ਵਿਚ ਲਗਾਏ ਜਾਂਦੇ ਬੋਰਡਾਂ ਆਦਿ ਉੱਪਰ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./10 ਮਿਤੀ:28.01.2019.

16. ਮਾਣਯੋਗ ਮੁੱਖ ਮੰਤਰੀ ਸਾਹਿਬ, ਪੰਜਾਬ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਰੇ ਦਫ਼ਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਅਤੇ ਯੂਨੀਵਰਸਿਟੀ ਦੀ ਵੈਬਸਾਈਟ ਉੱਪਰ ਉਪਲਬਧ ਕਰਵਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਵਾਉਣ ਸਬੰਧੀ ਉਪ ਕੁਲਪਤੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵੱਲੋਂ ਕਾਰਵਾਈ ਨਾ ਕਰਨ ਜਾਂ ਕੀਤੀ ਕਾਰਵਾਈ ਬਾਰੇ ਭਾਈਚਾਰੇ ਨੂੰ ਸੂਚਿਤ ਨਾ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ/15 ਮਿਤੀ: 14.02.2019.

17. ਮਾਣਯੋਗ ਮੁੱਖ ਮੰਤਰੀ ਸਾਹਿਬ, ਪੰਜਾਬ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਅਤੇ ਯੂਨੀਵਰਸਿਟੀ ਦੀ ਵੈਬਸਾਈਟ ਉੱਪਰ ਉਪਲਬਧ ਕਰਵਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਵਾਉਣ ਸਬੰਧੀ ਉਪ ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਕਾਰਵਾਈ ਨਾ ਕਰਨ ਜਾਂ ਕੀਤੀ ਕਾਰਵਾਈ ਬਾਰੇ ਭਾਈਚਾਰੇ ਨੂੰ ਸੂਚਿਤ ਨਾ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ/16 ਮਿਤੀ: 14.02.2019.

18. ਮਾਣਯੋਗ ਮੁੱਖ ਮੰਤਰੀ ਸਾਹਿਬ, ਪੰਜਾਬ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਹੁਕਮ ਮਿਤੀ 05 ਸਤੰਬਰ 2018 ਦੀ ਪਾਲਣਾ ਹਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਕੀਤੇ ਜਾਂਦੇ ਦਫਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਸਬੰਧੀ ਡਾਇਰੈਕਟਰ ਭਾਸ਼ਾ ਵਿਭਾਗ ਵੱਲੋਂ ਕਾਰਵਾਈ ਨਾ ਕਰਨ ਜਾਂ ਕੀਤੀ ਕਾਰਵਾਈ ਬਾਰੇ ਭਾਈਚਾਰੇ ਨੂੰ ਸੂਚਿਤ ਨਾ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ/18 ਮਿਤੀ: 14.02.2019.

19. ਮਾਣਯੋਗ ਮੁੱਖ ਮੰਤਰੀ ਸਾਹਿਬ, ਪੰਜਾਬ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਅਤੇ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ ਉੱਪਰ ਉਪਲਬਧ ਕਰਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਾਉਣ ਸਬੰਧੀ ਪੀ.ਐਸ.ਪੀ.ਸੀ.ਐਲ. ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਵੱਲੋਂ ਕਾਰਵਾਈ ਨਾ ਕਰਨ ਜਾਂ ਕੀਤੀ ਕਾਰਵਾਈ ਬਾਰੇ ਭਾਈਚਾਰੇ ਨੂੰ ਸੂਚਿਤ ਨਾ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ/18 ਮਿਤੀ: 19-02-2019.

20. ਮਾਣਯੋਗ ਮੁੱਖ ਮੰਤਰੀ ਸਾਹਿਬ, ਪੰਜਾਬ ਨੂੰ ਡਾਇਰੈਕਟਰ ਸਥਾਨਕ ਸਰਕਾਰ ਦੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਅਤੇ ਡਾਇਰੈਕਟਰ ਸਥਾਨਕ ਸਰਕਾਰ ਦੀ ਵੈਬਸਾਈਟ ਉੱਪਰ ਉਪਲਬਧ ਕਰਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਾਉਣ ਸਬੰਧੀ ਡਾਇਰੈਕਟਰ ਸਥਾਨਕ ਸਰਕਾਰ ਵੱਲੋਂ ਕਾਰਵਾਈ ਨਾ ਕਰਨ ਜਾਂ ਕੀਤੀ ਕਾਰਵਾਈ ਬਾਰੇ ਭਾਈਚਾਰੇ ਨੂੰ ਸੂਚਿਤ ਨਾ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ/19 ਮਿਤੀ: 19-02-2019.

21. ਮਾਣਯੋਗ ਮੁੱਖ ਮੰਤਰੀ ਸਾਹਿਬ, ਪੰਜਾਬ ਨੂੰ ਮੁੱਖ ਕਾਰਜਕਾਰੀ ਅਧਿਕਾਰੀ, ਲੁਧਿਆਣਾ ਸਮਾਰਟ ਸਿਟੀ ਪ੍ਰੋਜੈਕਟ, ਨਗਰ ਨਿਗਮ, ਲੁਧਿਆਣਾ ਦੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਉਣ ਅਤੇ ਮੁੱਖ ਕਾਰਜਕਾਰੀ ਅਧਿਕਾਰੀ, ਲੁਧਿਆਣਾ ਸਮਾਰਟ ਸਿਟੀ ਪ੍ਰੋਜੈਕਟ, ਨਗਰ ਨਿਗਮ, ਲੁਧਿਆਣਾ ਦੀ ਵੈਬਸਾਈਟ ਉੱਪਰ ਉਪਲਬਧ ਕਰਾਈ ਗਈ ਸੂਚਨਾ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਾਉਣ ਸਬੰਧੀ ਮੁੱਖ ਕਾਰਜਕਾਰੀ ਅਧਿਕਾਰੀ, ਲੁਧਿਆਣਾ ਸਮਾਰਟ ਸਿਟੀ ਪ੍ਰੋਜੈਕਟ, ਨਗਰ ਨਿਗਮ, ਲੁਧਿਆਣਾ ਵੱਲੋਂ ਕਾਰਵਾਈ ਨਾ ਕਰਨ ਜਾਂ ਕੀਤੀ ਕਾਰਵਾਈ ਬਾਰੇ ਭਾਈਚਾਰੇ ਨੂੰ ਸੂਚਿਤ ਨਾ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ/20 ਮਿਤੀ: 21-02-2019.

22. ਮਾਣਯੋਗ ਚੀਫ਼ ਜਸਟਿਸ ਸਾਹਿਬ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ 3-ਏ ਦੀ ਵਿਵਸਥਾ ਲਾਗੂ ਕਰਕੇ, ਪੰਜਾਬ ਵਿਚ ਸਥਿਤ ਸਾਰੀਆਂ ਜ਼ਿਲ੍ਹਾ ਪੱਧਰ ਦੀਆਂ ਅਦਾਲਤਾਂ ਵਿਚ ਹੁੰਦੀ ਅਦਾਲਤੀ ਕਾਰਵਾਈ ਪੰਜਾਬੀ ਵਿਚ ਕੀਤੇ ਜਾਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./ 201 ਮਿਤੀ 02.07.2019.

23. ਚੇਅਰਮੈਨ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਨੂੰ ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ 3 ਰਾਹੀਂ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਵਾਲੀ ਵਿਵਸਥਾ ਦਾ ਸਨਮਾਨ ਕਰਦੇ ਹੋਏ, ਕਮਿਸ਼ਨ ਵੱਲੋਂ ਨੌਕਰੀਆਂ ਵਿਚ ਭਰਤੀ ਕਰਨ ਲਈ ਲਏ ਜਾਂਦੇ ਇਮਤਿਹਾਨਾਂ ਦੇ ਪ੍ਰਸ਼ਨ-ਪੱਤਰ ਪੰਜਾਬੀ ਵਿਚ ਵੀ ਤਿਆਰ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./201-03 ਮਿਤੀ 07.07.2019.

24. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੂੰ ਨਵੰਬਰ 2019 ਦੇ ਪਹਿਲੇ ਹਫ਼ਤੇ ਭਾਸ਼ਾ ਵਿਭਾਗ ਵੱਲੋਂ ਮਨਾਏ ਜਾਣ ਵਾਲੇ 'ਪੰਜਾਬੀ ਸਪਤਾਹ' ਨੂੰ ਰਵਾਇਤੀ ਦੀ ਥਾਂ ਉਸਾਰੂ ਢੰਗ ਨਾਲ ਮਨਾਏ ਜਾਣ ਲਈ ਅਤੇ ਪੰਜਾਬ ਰਾਜ ਭਾਸ਼ਾ ਐਕਟ 1967 ਅਧੀਨ ਡਾਇਰੈਕਟਰ ਭਾਸ਼ਾ ਵਿਭਾਗ ਦੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ.ਭ./230-33 ਮਿਤੀ 23.09.2019.

25. ਮਾਣਯੋਗ ਮੁੱਖ ਮੰਤਰੀ, ਪੰਜਾਬ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਬ ਪੁਰਬ ਤੇ ਪੰਜਾਬ ਵਿਚ ਵਸਦੇ ਪੰਜਾਬੀਆਂ ਨੂੰ ਅਦਾਲਤਾਂ ਵਿਚੋਂ ਮਿਲਦੇ ਇਨਸਾਫ਼ ਨੂੰ ਆਪਣੀ ਮਾਂ-ਬੋਲੀ ਵਿਚ ਉਪਲਬਧ ਕਰਾਉਣ ਅਤੇ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਹਾਈ ਕੋਰਟ ਵੱਲੋਂ ਮੰਗੇ ਜਾ ਰਹੇ 1479 (ਹੁਣ ਕਰੀਬ 2000) ਮੁਲਾਜ਼ਮਾਂ ਦੀ ਜਲਦੀ ਭਰਤੀ ਕਰਨ ਸਬੰਧੀ ਲਿਖਿਆ ਪੱਤਰ ਨੰ:ਪ.ਭ.ਪ. ਭ/**233-35** ਮਿਤੀ: 29-09-2019.